平等機會委員會
EQUAL OPPORTUNITIES COMMISSION

# ਨਸਲ ਵਿਤਕਰਾ ਕਾਨੂੰਨ ਅਤੇ ਮੈਂ




(Punjabi)

# ਪਰਿਭਾਸ਼ਾ ਅਤੇ ਉਦਾਹਰਣਾਂ

## 1. ਨਸਲ ਵਿਤਕਰਾ ਕਾਨੂੰਨ ਕੀ ਹੈ (RDO)?

RDO ਜੁਲਾਈ 2008 ਵਿੱਚ ਬਣਾਇਆ ਗਿਆ ਨਸਲੀ ਵਿਤਕਰੇ ਵਿਰੋਧੀ ਕਾਨੂੰਨ ਹੈ ਜੋ ਕਿ ਲੋਕਾਂ ਨੂੰ ਨਸਲ ਦੇ ਅਧਾਰ ਤੇ ਕੀਤੇ ਗਏ ਵਿਤਕਰੇ, ਦਿੱਤੀ ਗਈ ਪ੍ਰੇਸ਼ਾਨੀ ਅਤੇ ਗਾਲੀ ਗਲੋਚ ਤੋਂ ਸੁਰਖਿਆ ਪ੍ਰਦਾਨ ਕਰਦਾ ਹੈ । RDO ਦੇ ਤਹਤ ਕਿਸੇ ਵੀ ਵਿਅਕਤੀ ਨਾਲ ਉਸ ਦੀ ਨਸਲ ਦੇ ਅਧਾਰ ਤੇ ਵਿਤਕਰਾ ਕਰਨਾ, ਉਸ ਨੂੰ ਪ੍ਰੇਸ਼ਾਨ ਕਰਨਾ ਜਾਂ ਉਸ ਨਾਲ ਗਾਲੀ ਗਲੋਚ ਕਰਨਾ ਗੈਰ ਕਾਨੂੰਨੀ ਹੈ । RDO ਜੁਲਾਈ 10, 2009 ਨੂੰ ਲਾਗੂ ਕੀਤਾ ਗਿਆ।

## 2. ਸਾਨੂੰ RDO ਦੀ ਲੋੜ ਕਿਉਂ ਹੈ?

ਮੌਜੂਦਾ ਤੌਰ ਤੇ ਹਾਂਗਕਾਂਗ ਦੀ ਅਬਾਦੀ ਵਿੱਚ ਘੱਟ ਗਿਣਤੀਆਂ ਦਾ ਪ੍ਰਤੀਸ਼ਤ ਲਗਭਗ 5 ਪ੍ਰਤੀਸ਼ਤ ਹੈ । ਦੂਜੇ ਲੋਕਾਂ ਦੇ ਰੀਤ ਰਿਵਾਜ, ਸਭਿਆਚਾਰ ਅਤੇ ਭਾਸ਼ਾ ਤੋਂ ਜਾਣੂ ਨਾ ਹੋਣਾ ਦੂਜੀਆਂ ਨਸਲਾਂ ਦੇ ਲੋਕਾਂ ਦੇ ਖਿਲਾਫ ਪੱਖਪਾਤ ਅਤੇ ਰੂੜੀਵਾਦੀ ਸੋਚ ਨੂੰ ਪੈਦਾ ਕਰ ਸਕਦਾ ਹੈ । ਕਈ ਵਾਰੀ ਅਜਿਹੇ ਪੱਖਪਾਤ, ਵਿਤਕਰੇ ਨੂੰ, ਪ੍ਰੇਸ਼ਾਨੀ ਨੂੰ, ਅਤੇ ਗਾਲੀ ਗਲੋਚ ਨੂੰ ਪੈਦਾ ਕਰਨ ਦੀ ਕਾਰਣ ਬਣਦੇ ਹਨ । ਹਰ ਕਿਸਮ ਦਾ ਨਸਲੀ ਵਿਤਕਰਾ ਖਤਮ ਕਰਨ ਦੇ ਲਈ ਹਾਂਗਕਾਂਗ ਇਕ ਅੰਤਰ-ਰਾਸ਼ਟਰੀ ਸਮਝੌਤੇ ਦੇ ਅਧੀਨ ਵਚਨਬਧ ਹੈ । ਹਾਂਗਕਾਂਗ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਅਧਿਕਾਰਾਂ ਨਾਲ ਸਬੰਧਿਤ ਇਕ ਅੰਤਰ-ਰਾਸ਼ਟਰੀ ਪ੍ਰਤਿੱਗਿਆ ਪੱਤਰ ਦੇ ਅਧੀਨ ਇਸ ਗੱਲ ਲਈ ਵਚਨਬਧ ਹੈ ਕਿ ਇਸ ਪ੍ਰਤਿੱਗਿਆ ਪੱਤਰ ਦੇ ਵਿੱਚ ਦਿੱਤੇ ਗਏ ਸਾਰੇ ਅਧਿਕਾਰ ਬਿਨਾਂ ਕਿਸੇ ਨਸਲੀ ਵਿਤਕਰੇ ਜਾਂ ਹੋਰ ਹੈਸੀਅਤ ਤੋਂ ਲਾਗੂ ਕੀਤੇ ਜਾਣਗੇ.[1] । ਨਸਲ ਦੇ ਅਧਾਰ ਤੇ ਜਾਂ ਜਾਤ ਦੇ ਅਧਾਰ ਤੇ ਕਿਸੇ ਵੀ ਕਿਸਮ ਦੀ ਪ੍ਰੇਸ਼ਾਨੀ ਜਾਂ ਗਾਲੀ ਗਲੋਚ ਕਰਕੇ ਕਿਸੇ ਵੀ ਕਿਸਮ ਦੇ ਘੱਟ ਹਿਤਕਾਰੀ ਵਿਹਾਰ ਕਰਨ ਵਿੱਚ ਸ਼ਾਮਿਲ ਹੋਣ ਨੂੰ RDO ਗੈਰ-ਕਾਨੂੰਨੀ ਬਣਾਉਂਦਾ ਹੈ। RDO ਦੇ ਲਾਗੂ ਹੋਣ ਦੇ ਨਾਲ ਅਲੱਗ ਅਲੱਗ ਨਸਲਾਂ ਦੇ ਲੋਕ ਇਕ ਕੌਮ ਦੀ ਹੈਸੀਅਤ ਨਾਲ ਰਹਿ ਸਕਦੇ ਹਨ ਅਤੇ ਕੰਮ ਕਰ ਸਕਦੇ ਹਨ ਜਿਸ ਦੇ ਨਤੀਜੇ ਵਜੋ ਹਾਂਗਕਾਂਗ ਸਭਿਆਚਾਰਕ ਤੌਰ ਤੇ ਅਮੀਰ ਬਣੇਗਾ ਅਤੇ ਅੰਤਰ-ਰਾਸ਼ਟਰੀ ਖੇਤਰ ਵਿੱਚ ਇਸ ਦੀ ਪ੍ਰਤੀਯੋਗਤਾ ਵਧੇਗੀ ।

[1] ICESCR ਮੁੱਢਲੇ ਕਾਨੂੰਨ ਦੀ ਧਾਰਾ 39 ਦੇ ਅਧਾਰ ਤੇ HKSAR ਤੇ ਲਾਗੂ ਹੁੰਦਾ ਹੈ ।
[2] ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ RDO ਦੀ ਧਾਰਾ 8 ਅਤੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ ਪਾਠ 2 ਨੂੰ ਦੇਖੋ ।
[3] ਕ੍ਰਿਪਾ ਕਰਕੇ RDO ਦੀ ਧਾਰਾ 8 ਅਤੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ ਪਾਠ 2 ਨੂੰ ਦੇਖੋ ।

3. **ਨਸਲ ਕੀ ਹੈ?**

RDO ਦੇ ਤਹਤ ਕਿਸੇ ਵੀ ਵਿਅਕਤੀ ਦੀ ਨਸਲ ਤੋਂ ਭਾਵ ਹੈ ਉਸ ਦਾ ਰੰਗ, ਵੰਸ਼, ਕੌਮੀਅਤ ਅਤੇ ਮੂਲ ਜਾਤੀ । ਨਸਲੀ ਸਮੂੰਹ ਤੋਂ ਭਾਵ ਹੈ, ਨਸਲ, ਰੰਗ, ਵੰਸ਼, ਕੌਮੀਅਤ ਅਤੇ ਮੂਲ ਜਾਤੀ ਦੇ ਅਧਾਰ ਤੇ ਪਛਾਣਿਆ ਜਾਣ ਵਾਲਾ ਵਿਅਕਤੀਆਂ ਦਾ ਸਮੂੰਹ । ਕਿਸੇ ਵਿਅਕਤੀ ਦੇ ਨਸਲੀ ਸਮੂੰਹ ਦੇ ਹਵਾਲੇ ਤੋਂ ਭਾਵ ਹੈ, ਉਹ ਨਸਲੀ ਸਮੂੰਹ ਜਿਸ ਵਿੱਚ ਉਹ ਵਿਅਕਤੀ ਆਉਂਦਾ ਹੈ[2] ।

4. **RDO ਦੇ ਅਧੀਨ “ਨਸਲ” ਵਿੱਚ ਕੀ-ਕੀ ਸ਼ਾਮਿਲ ਨਹੀਂ ਹੈ?**

ਧਰਮ ਆਪਣੇ ਆਪ ਵਿੱਚ ਨਸਲ ਨਹੀਂ ਹੈ । ਧਰਮ ਦੇ ਅਧਾਰ ਤੇ ਪਰਿਭਾਸ਼ਿਤ ਕੀਤਾ ਗਿਆ ਵਿਅਕਤੀਆਂ ਦਾ ਸਮੂੰਹ RDO ਦੇ ਅਧੀਨ ਨਸਲੀ ਸਮੂੰਹ ਨਹੀਂ ਹੈ । ਧਰਮ ਦੇ ਅਧਾਰ ਤੇ ਕੀਤੇ ਗਏ ਵਿਤਕਰੇ ਉਤੇ RDO ਲਾਗੂ ਨਹੀਂ ਹੁੰਦਾ । ਜਦਕਿ ਧਰਮ ਨਾਲ ਸਬੰਧਿਤ ਕੁਝ ਸ਼ਰਤਾਂ ਜਾਂ ਜ਼ਰੂਰਤਾਂ ਅਸਿੱਧੇ ਤੌਰ ਤੇ ਕਿਸੇ ਨਸਲੀ ਸਮੂੰਹ ਨਾਲ ਵਿਤਕਰਾ ਪੈਦਾ ਕਰ ਸਕਦੀਆਂ ਹਨ, ਅਤੇ ਜੇਕਰ ਇਸ ਤਰਾਂ ਹੋਵੇ, ਤਾਂ RDO ਲਾਗੂ ਹੋਵੇਗਾ[3] ।



## 5. ਨਸਲੀ ਵਿਤਕਰਾ ਕੀ ਹੈ?

ਸਧਾਰਣ ਸ਼ਬਦਾਂ ਵਿੱਚ ਨਸਲੀ ਵਿਤਕਰੇ ਦਾ ਮਤਲਬ ਹੈ ਕਿ ਜਾਤ ਦੇ ਅਧਾਰ ਤੇ ਲੋਕਾਂ ਨਾਲ ਘੱਟ ਅਨੁਕੂਲ ਵਿਹਾਰ ਕਰਨਾ ।

ਨਸਲੀ ਵਿਤਕਰਾ ਦੋ ਪ੍ਰਕਾਰ ਦਾ ਹੁੰਦਾ ਹੈ : ਸਿੱਧਾ ਅਤੇ ਅਸਿੱਧਾ[4]

<u>ਸਿੱਧਾ ਵਿਤਕਰਾ :</u>

ਸਿੱਧਾ ਵਿਤਕਰਾ ਉਦੋਂ ਹੁੰਦਾ ਹੈ ਜਦੋਂ ਤੁਲਨਾਤਮਕ ਹਲਾਤਾਂ ਵਿੱਚ ਇਕ ਵਿਅਕਤੀ ਨਾਲ ਉਸ ਦੀ ਨਸਲ ਕਰਕੇ/ਉਸ ਦੇ ਨਜ਼ਦੀਕੀ ਰਿਸ਼ਤੇਦਾਰ ਦੀ ਨਸਲ ਕਰਕੇ ਦੂਜੇ ਵਿਅਕਤੀ ਨਾਲੋਂ ਘੱਟ ਅਨੁਕੂਲ ਵਿਹਾਰ ਕੀਤਾ ਜਾਵੇ । ਕਿਸੇ ਵੀ ਵਿਅਕਤੀ ਨੂੰ ਉਸ ਦੀ ਨਸਲ ਦੇ ਅਧਾਰ ਤੇ ਅਲੱਗ ਕਰ ਦੇਣਾ ਵੀ ਸਿੱਧਾ ਵਿਤਕਰਾ ਹੈ । ਉਦਾਹਰਣ ਦੇ ਤੌਰ ਤੇ, ਇਕ ਪਾਕਿਸਤਾਨੀ ਮੂਲ ਦਾ ਵਿਅਕਤੀ ਜੋ ਕਿ ਚੰਗੀ ਤਰਾਂ ਚੀਨੀ ਬੋਲ ਸਕਦਾ ਹੈ ਅਤੇ ਉਸ ਨੇ ਆਪਣਾ ਚੀਨੀ ਨਾਮ ਵੀ ਰੱਖਿਆ ਹੋਇਆ ਹੈ ਅਤੇ ਉਹ ਟੈਲੀਫੋਨ ਦੇ ਦੁਆਰਾ ਇਕ ਸੇਲਮੈਨ ਦੀ ਨੌਕਰੀ ਵਾਸਤੇ ਅਰਜ਼ੀ ਦਿੰਦਾ ਹੈ ਅਤੇ ਉਸ ਨੂੰ ਇੰਟਰਵਿਉ ਲਈ ਬੁਲਾ ਲਿਆ ਜਾਂਦਾ ਹੈ । ਪਰ ਉਸ ਦੀ ਦਿੱਖ ਤੋਂ ਲੱਗਦਾ ਹੈ ਕਿ ਉਹ ਪਾਕਿਸਤਾਨੀ ਮੂਲ ਦਾ ਵਿਅਕਤੀ ਹੈ । ਜਦੋਂ ਉਹ ਇੰਟਰਵਿਉ ਵਿੱਚ ਹਾਜ਼ਰ ਹੁੰਦਾ ਹੈ ਤਾਂ ਉਸ ਨੂੰ ਝੂਠ ਹੀ ਕਹਿ ਦਿੱਤਾ ਜਾਂਦਾ ਹੈ ਕਿ ਕਿਸੇ ਹੋਰ ਵਿਅਕਤੀ ਨੂੰ ਉਸ ਨੌਕਰੀ ਤੇ ਰੱਖ ਲਿਆ ਗਿਆ ਹੈ ਅਤੇ ਇੰਟਰਵਿਉ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ । ਇਹ ਨਸਲ ਦੇ ਅਧਾਰ ਤੇ ਘੱਟ ਅਨੁਕੂਲ ਵਿਹਾਰ ਹੈ ਜੇਕਰ ਕਿਸੇ ਹੋਰ ਨੌਕਰੀ ਲੱਭਣ ਵਾਲੇ ਵਿਅਕਤੀ ਨੂੰ ਇਨਕਾਰ ਨਹੀਂ ਕੀਤਾ ਜਾਂਦਾ ਜੋ ਕਿ ਪਾਕਿਸਤਾਨੀ ਮੂਲ ਦਾ ਨਹੀਂ ਹੈ । RDO ਦੇ ਅਧੀਨ ਇਹ ਗੈਰ ਕਾਨੂੰਨੀ ਕਾਰਵਾਈ ਹੈ ।

<u>ਅਸਿੱਧਾ ਵਿਤਕਰਾ :</u>

ਅਸਿੱਧਾ ਵਿਤਕਰਾ ਉਦੋਂ ਪੈਦਾ ਹੁੰਦਾ ਹੈ ਜਦੋਂ ਉਹੀ ਸ਼ਰਤਾਂ ਜਾਂ ਜ਼ਰੂਰਤਾਂ (ਨਿਯਮ, ਨੀਤੀ, ਅਭਿਆਸ, ਮਾਪ ਦੰਡ ਜਾਂ ਤਰੀਕੇ) ਗੈਰ ਨਸਲੀ ਅਧਾਰ ਤੇ ਉਚਿਤ ਨਹੀਂ ਠਹਿਰਾਏ ਜਾ ਸਕਦੇ, ਅਤੇ ਦੂਜੀਆਂ ਨਸਲਾਂ ਦੇ ਵਿਅਕਤੀਆਂ ਉਤੇ ਵੀ ਇਕ ਸਮਾਨ ਤਰੀਕੇ ਨਾਲ ਲਾਗੂ ਹੁੰਦੇ ਹਨ ਪਰ ਜਿੰਨਾ ਦਾ ਕਿਸੇ ਖਾਸ ਸਮੂੰਹ ਦੇ ਉਤੇ ਅਨਿਆਂ ਪੂਰਨ ਪ੍ਰਭਾਵ ਪੈਂਦਾ ਹੈ, ਕਿਉਂਕਿ (1) ਦੂਜੇ ਨਸਲੀ ਸਮੂੰਹਾਂ ਦੀ ਤੁਲਨਾ ਵਿੱਚ ਕਿਸੇ ਖਾਸ ਨਸਲ ਦੇ ਲੋਕਾਂ ਦਾ ਇਕ ਛੋਟਾ ਜਿਹਾ ਹਿੱਸਾ ਹੀ ਉਹ ਜ਼ਰੂਰਤਾਂ ਪੂਰੀਆਂ ਕਰ ਸਕਦਾ ਹੈ ਅਤੇ/ਜਾਂ (2) ਸ਼ਰਤ ਕਿਸੇ ਖਾਸ ਸਮੂੰਹ ਦੇ ਵਿਅਕਤੀ ਨੂੰ ਨੁਕਸਾਨ ਪਹੁੰਚਾਉਣ ਦੇ ਲਈ ਹੈ ਜੋ ਇਹ ਸ਼ਰਤਾਂ ਪੂਰੀਆਂ ਨਹੀਂ ਕਰ ਸਕਦਾ । ਉਦਾਹਰਣ ਦੇ ਤੌਰ ਤੇ ਇਕ ਖਾਣ ਵਾਲੇ ਪਦਾਰਥਾਂ ਨੂੰ ਪੈਕ ਕਰਨ

ਵਾਲੀ ਫੈਕਟਰੀ ਵਿੱਚ ਸਿਹਤ ਅਤੇ ਸੁੱਰਖਿਆ ਕਾਰਨਾਂ ਕਰਕੇ ਦਾੜ੍ਹੀ ਰੱਖਣ ਤੇ ਰੋਕ ਲਗਾਈ ਗਈ ਹੈ ਜੋ ਕਿ ਅਸਿੱਧੇ ਤੌਰ ਤੇ ਇਕ ਜਾਤੀ ਸਮੂੰਹ ਨਾਲ ਦੂਜੇ ਨਸਲੀ ਸਮੂੰਹਾਂ ਦੀ ਤੁਲਨਾ ਵਿੱਚ, ਅਸਿੱਧੇ ਤੌਰ ਤੇ ਵਿਤਕਰਾ ਹੈ, ਜਿਸ ਤਰਾਂ ਕਿ ਸਿੱਖ (ਜਿੰਨਾਂ ਨੂੰ ਆਪਣੇ ਰੀਤੀ ਰਵਾਜਾਂ ਕਰਕੇ ਦਾੜ੍ਹੀ ਰੱਖਣੀ ਪੈਂਦੀ ਹੈ) । ਜੇਕਰ ਜਾਣਕਾਰੀ ਤੋਂ ਇਹ ਪਤਾ ਚਲਦਾ ਹੋਵੇ ਕਿ ਇਹ ਰੋਕ ਉਚਿਤ ਨਹੀਂ ਹੈ, ਉਦਾਹਰਣ ਦੇ ਤੌਰ ਤੇ ਸਿਹਤ ਅਤੇ ਸੁਰਖਿਆ ਦੇ ਮਾਪ ਦੰਡਾਂ ਨੂੰ ਪੂਰਾ ਕਰਨ ਲਈ ਚਿਹਰੇ ਉਤੇ ਮਾਸਕ ਦਾ ਪ੍ਰਯੋਗ ਤੱਸਲੀ ਨਾਲ ਕੀਤਾ ਜਾ ਸਕਦਾ ਹੈ ।

## ਸਤਾਉਣ ਦੇ ਤਰੀਕੇ ਦੁਆਰਾ ਵਿਤਕਰਾ :

ਸਤਾਉਣ ਦੇ ਤਰੀਕੇ ਦੁਆਰਾ ਵੀ ਨਸਲੀ ਵਿਤਕਰਾ ਹੋ ਸਕਦਾ ਹੈ, ਜੇਕਰ ਇਕ ਵਿਅਕਤੀ ਦੂਜੇ ਵਿਅਕਤੀ ਨਾਲ ਇਸ ਕਾਰਣ ਕਰਕੇ ਘੱਟ ਅਨੁਕੂਲ ਵਿਹਾਰ ਕਰਦਾ ਹੈ ਕਿਉਂਕਿ ਉਸ ਵਿਅਕਤੀ ਨੇ ਜਾਂ ਕਿਸੇ ਤੀਸਰੇ ਵਿਅਕਤੀ ਨੇ ਕੋਈ ਅਜਿਹੀ ਕਾਰਵਾਈ ਕੀਤੀ ਹੈ ਜਿਸ ਨੂੰ RDO ਦੇ ਤਹਤ ਸੁਰਖਿਆ ਮਿਲੀ ਹੋਈ ਹੈ । ਉਦਾਹਰਣ ਦੇ ਤੌਰ ਤੇ ਕਿਸੇ ਨਸਲੀ ਵਿਤਕਰੇ ਦੇ ਖਿਲਾਫ ਸ਼ਿਕਾਇਤ ਕਰਨਾ ਜਾਂ ਸ਼ਿਕਾਇਤ ਕਰਨ ਦੀ ਯੋਜਨਾ ਬਣਾਉਣਾ, ਕਾਨੂੰਨੀ ਕਾਰਵਾਈ ਕਰਨਾ, ਜਾਂ ਨਸਲ ਵਿਤਕਰੇ ਦੇ ਖਿਲਾਫ ਗਵਾਹ ਬਨਣਾ ਜਾਂ ਕਿਸੇ ਹੋਰ ਦੀ ਇਸ ਤਰ੍ਹਾਂ ਕਰਨ ਵਿੱਚ ਮੱਦਦ ਕਰਨਾ । ਉਦਾਹਰਣ - ਇਕ ਨਿਪਾਲੀ ਮੂਲ ਦੇ ਮੈਨੇਜਰ ਨੂੰ ਸਤਾ ਕੇ ਉਸ ਨਾਲ ਵਿਤਕਰਾ ਕੀਤਾ ਜਾਂਦਾ ਹੈ ਜੇ ਉਸ ਸ਼ਿਕਾਇਤ ਕਰਦਾ ਹੈ ਕਿ ਉਸ ਨੂੰ ਨਸਲ ਦੇ ਅਧਾਰ ਤੇ ਕਿਸੇ ਦੂਸਰੇ ਚੀਨੀ ਮੈਨੇਜਰ ਤੋਂ ਘੱਟ ਸਲਾਨਾ ਬੋਨਸ ਦਿੱਤਾ ਜਾ ਰਿਹਾ ਸੀ ਅਤੇ ਕੰਪਨੀ ਉਸ ਨੂੰ ਇਸ ਕਾਰਣ ਕਰਕੇ ਨੌਕਰੀ ਤੋਂ ਕਢਣਾ ਚਾਹੁੰਦੀ ਹੈ ਕਿਉਂਕਿ ਉਸ ਨੇ ਅਜਿਹੀ ਸ਼ਿਕਾਇਤ ਕੀਤੀ[5] ।





[4] ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ RDO ਦੀ ਧਾਰਾ 4 ਅਤੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ ਪਾਠ 6 ਨੂੰ ਦੇਖੋ ।

[5] ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ RDO ਦੀ ਧਾਰਾ 6 ਅਤੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ

## 6. ਨਸਲੀ ਅਧਾਰ ਤੇ ਪ੍ਰੇਸ਼ਾਨ ਕਰਨਾ ਕੀ ਹੈ?

ਜੇਕਰ ਕੋਈ ਵਿਅਕਤੀ ਕਿਸੇ ਦੂਸਰੇ ਵਿਅਕਤੀ ਦੀ ਨਸਲ ਜਾਂ ਉਸ ਦੇ ਨਜ਼ਦੀਕੀ ਰਿਸ਼ਤੇਦਾਰ ਦੀ ਨਸਲ ਦੇ ਕਾਰਣ ਕੋਈ ਬੁਰਾ, ਨਿੰਦਣਯੋਗ ਅਪਮਾਨਜਨਕ ਜਾਂ ਘਿਨੋਣਾ ਵਿਹਾਰ ਕਰਦਾ ਹੈ ਜਿਸ ਨਾਲ ਉਹ ਧਮਕਾਇਆ, ਅਪਮਾਨਿਤ ਜਾਂ ਸ਼ਰਮਿੰਦਾ ਮਹਿਸੂਸ ਕਰੇ ਤਾਂ ਇਹ ਨਸਲੀ ਅਧਾਰ ਤੇ ਪ੍ਰੇਸ਼ਾਨ ਕਰਨਾ ਅਖਵਾਉਂਦਾ ਹੈ । ਨਸਲੀ ਅਧਾਰ ਤੇ ਪ੍ਰੇਸ਼ਾਨ ਕਰਨਾ ਕਿਸੇ ਵੀ ਤਰੀਕੇ ਨਾਲ ਹੋ ਸਕਦਾ ਹੈ - ਸਰੀਰਕ, ਦਿਖਣ ਵਾਲਾ, ਜ਼ੁਬਾਨੀ ਜਾਂ ਗੈਰ-ਜ਼ੁਬਾਨੀ - ਅਤੇ ਇਕੱਲੀ ਘਟਨਾ ਵੀ ਨਸਲ ਦੇ ਅਧਾਰ ਤੇ ਪ੍ਰੇਸ਼ਾਨੀ ਅਖਵਾ ਸਕਦੀ ਹੈ । ਇਸ ਤਰਾਂ ਉਦੋਂ ਵੀ ਹੁੰਦਾ ਹੈ, ਜੇਕਰ ਕੋਈ ਵਿਅਤਕੀ ਕਿਸੇ ਦੂਸਰੇ ਵਿਅਕਤੀ ਦੇ ਖਿਲਾਫ ਉਸ ਦੀ ਨਸਲ ਦੇ ਅਧਾਰ ਤੇ ਜਾਂ ਉਸ ਦੇ ਰਿਸ਼ਤੇਦਾਰ ਦੀ ਨਸਲ ਦੇ ਅਧਾਰ ਤੇ ਨਸਲ ਵਿਰੋਧੀ ਵਾਤਾਵਰਣ ਪੈਦਾ ਕਰ ਦੇਵੇ । ਨਸਲ ਦੇ ਅਧਾਰ ਤੇ ਪ੍ਰੇਸ਼ਾਨ ਕਰਨਾ ਗੈਰ-ਕਾਨੂੰਨੀ ਹੈ । ਉਦਾਹਰਣ ਦੇ ਤੌਰ ਤੇ ਕਿਸੇ ਵਿਅਕਤੀ ਦਾ ਨਾਮ ਵਿਗਾੜਨਾ, ਜੋ ਕਿਸੇ ਖਾਸ ਨਸਲ ਦੇ ਲੋਕਾਂ ਨੂੰ ਅਸਭਿਅ ਜਾਂ ਘਿਨੋਣਾ ਲਗਦਾ ਹੋਵੇ ਜਾਂ ਕਿਸੇ ਨਾਲ ਗੱਲਬਾਤ ਕਰਦੇ ਸਮੇਂ, ਉਸ ਦੀ ਨਸਲ ਦੇ ਅਧਾਰ ਤੇ ਉਸ ਨੂੰ ਨੀਵਾਂ ਦਿਖਾਉਣ ਵਾਲਾ ਜਾਂ ਘਿਨੋਣਾ ਲਹਿਜ਼ਾ ਵਰਤਿਆ ਜਾਵੇ ਤਾਂ ਇਹ ਵੀ ਨਸਲ ਦੇ ਅਧਾਰ ਤੇ ਪ੍ਰੇਸ਼ਾਨ ਕਰਨਾ ਅਖਵਾ ਸਕਦਾ ਹੈ[6] ।

## 7. ਨਸਲ ਵਿਰੋਧੀ ਵਾਤਾਵਰਣ ਕੀ ਹੈ?

ਇਸ ਦਾ ਮਤਲਬ ਹੈ ਕਿਸੇ ਵਿਅਕਤੀ ਪ੍ਰਤੀ ਨਸਲੀ ਵਿਤਕਰੇ ਨਾਲ ਭਰਪੂਰ ਆਚਰਣ ਜਾਂ ਵਿਹਾਰ ਦੁਆਰਾ ਪੈਦਾ ਕੀਤਾ ਗਿਆ, ਭੈ-ਭੀਤ ਕਰਨ ਵਾਲਾ, ਕੰਮ ਕਰਨ ਦਾ ਅਜਿਹਾ ਬੁਰਾ ਵਾਤਾਵਰਣ ਜਿਸ ਨਾਲ ਉਸ ਦੀ ਕਾਰਜ ਕੁਸ਼ਲਤਾ ਤੇ ਅਸਰ ਪੈ ਸਕਦਾ ਹੋਵੇ । ਕਿਸੇ ਖਾਸ ਵਿਅਕਤੀ ਉਤੇ ਸਿੱਧੇ ਤੌਰ ਤੇ ਜਾਂ ਜਾਣ ਬੁੱਝ ਕੇ, ਉਸ ਨੂੰ ਨਿਸ਼ਾਨਾ ਬਣਾ ਕੇ ਅਜਿਹਾ ਵਿਹਾਰ ਕਰਨਾ ਜ਼ਰੂਰੀ ਨਹੀਂ ਹੈ। ਉਦਾਹਰਣ ਦੇ ਤੌਰ ਤੇ ਕਿਸੇ ਖਾਸ ਨਸਲੀ ਸਮੂੰਹ ਦੇ ਖਿਲਾਫ ਭੈੜੇ ਚਿੱਤਰਾਂ ਦਾ ਪ੍ਰਦਰਸ਼ਨ ਜਾਂ ਨਾਰਿਆਂ ਜਾਂ ਹੋਰ ਘਿਨੋਣੀਆਂ ਵਸਤੂਆਂ ਦਾ ਪ੍ਰਦਰਸ਼ਨ ਕਰਨਾ ਜੋ ਕਿ ਨਸਲ ਵਿਰੋਧੀ ਅਣਸੁਖਾਵਾਂ ਵਾਤਾਵਰਣ ਪੈਦਾ ਕਰਦਾ ਹੋਵੇ ।

[6] ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ RDO ਦੀ ਧਾਰਾ 7 ਅਤੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ ਪਾਠ 6 ਨੂੰ ਦੇਖੋ ।
[7] ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ RDO ਦੀ ਧਾਰਾ 7 ਅਤੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ ਪਾਠ 6 ਨੂੰ ਦੇਖੋ ।

8. **ਨਸਲੀ ਨਿੰਦਿਆ ਕੀ ਹੈ?**

ਇਹ ਜਨਤਾ ਦੀ ਮੌਜੂਦਗੀ ਵਿੱਚ ਕੀਤੀ ਗਈ ਅਜਿਹੀ ਕਾਰਵਾਈ ਹੈ ਜੋ ਕਿਸੇ ਵੀ ਵਿਅਕਤੀ ਦੀ ਨਸਲ ਦੇ ਅਧਾਰ ਤੇ ਉਸ ਪ੍ਰਤੀ ਨਫਰਤ ਨੂੰ ਉਕਸਾਉਂਦੀ ਹੋਵੇ ਜਾਂ ਉਸ ਦਾ ਮਜ਼ਾਕ ਬਨਾਉਣ ਦੀ ਗੰਭੀਰ ਕੋਸ਼ਿਸ਼ ਕਰਦੀ ਹੋਵੇ । ਕਿਸੇ ਵੀ ਤਰਾਂ ਦੀ ਨਸਲਵਾਦ ਨੂੰ ਭੜਕਾਉਣ ਵਾਲੀ ਕਾਰਵਾਈ ਜਿਸ ਵਿੱਚ ਕਿਸੇ ਵਿਅਕਤੀ ਨੂੰ ਸਰੀਰਕ ਨੁਕਸਾਨ ਪਹੁੰਚਾਉਣਾ ਜਾਂ ਉਹਨਾਂ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਸ਼ਾਮਿਲ ਹੋਵੇ, ਉਸ ਨੂੰ ਗੰਭੀਰ ਨਸਲੀ ਨਿੰਦਿਆ ਮੰਨਿਆ ਜਾਵੇਗਾ ਅਤੇ ਇਸ ਲਈ ਵੱਧ ਤੋਂ ਵੱਧ 1,00,000 ਡਾਲਰ ਦਾ ਜੁਰਮਾਨਾ ਅਤੇ ਦੋ ਸਾਲ ਦੀ ਸਜਾ ਵੀ ਹੋ ਸਕਦੀ ਹੈ[8] ।

# ਸੀਮਾਂ

9. **ਕਿਹੜੇ ਖੇਤਰ RDO ਦੀ ਸੀਮਾਂ ਦੇ ਅਧੀਨ ਲਿਆਏ ਜਾ ਸਕਦੇ ਹਨ?**

RDO ਦੀ ਸੀਮਾਂ ਦੇ ਅੰਦਰ ਹੇਠ ਲਿਖੇ ਖੇਤਰ ਲਿਆਏ ਜਾ ਸਕਦੇ ਹਨ[9] ।

- ਨੌਕਰੀ
- ਸਿੱਖਿਆ
- ਚੀਜ਼ਾਂ, ਸੇਵਾਵਾਂ ਜਾਂ ਸਹੂਲਤਾਂ ਮੁੱਹਈਆ ਕਰਾਉਣ ਵਿੱਚ
- ਜਗ੍ਹਾ ਦੇ ਨਿਪਟਾਰਾ ਜਾਂ ਪ੍ਰਬੰਧ ਵਿੱਚ
- ਸਲਾਹਕਾਰ ਸੰਸਥਾਂਵਾ ਵਿੱਚ ਵੋਟ ਪਾਉਣ ਦੀ ਯੋਗਤਾ ਅਤੇ ਚੁਣੇ ਜਾਣ ਜਾ ਨਿਯੁਕਤ ਕੀਤੇ ਜਾਣ ਵਿੱਚ
- ਵਕੀਲ ਦੇ ਦਫਤਰ ਵਿੱਚ ਸ਼ਗਿਰਦੀ ਦੀ ਪੇਸ਼ਕਸ਼ ਕਰਦੇ ਸਮੇਂ ਜਾਂ ਕਿਰਾਏਦਾਰੀ ਦੀ ਪੇਸ਼ਕਸ ਕਰਦੇ ਸਮੇਂ
- ਕੱਲਬਾਂ ਵਿੱਚ ਭਾਗ ਲੈਣ ਲਈ



[8] ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ RDO ਦੀ ਧਾਰਾ 45 ਅਤੇ 46 ਤੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ ਪਾਠ 6 ਨੂੰ ਦੇਖੋ ।

[9] ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ RDO ਦੀ ਧਾਰਾ 10,15,17-22,24-29,34-36, 38-39 ਤੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ ਪਾਠ 3 ਨੂੰ ਦੇਖੋ ।


**10. ਕੀ RDO ਹਾਂਗਕਾਂਗ ਵਿੱਚ ਸਾਰੇ ਨਿਯੋਜਕਾਂ (ਮਾਲਕਾਂ) ਨੂੰ ਸ਼ਾਮਿਲ ਕਰਦਾ ਹੈ?**

ਹਾਂ, RDO ਹਾਂਗਕਾਂਗ ਦੇ ਸਾਰੇ ਨੌਕਰੀ ਦੇਣ ਵਾਲਿਆਂ ਨਿਯੋਜਕਾਂ (ਮਾਲਕਾਂ) ਨੂੰ ਸ਼ਾਮਿਲ ਕਰਦਾ ਹੈ, ਸਿਰਫ ਉਹਨਾਂ ਨੂੰ ਛੱਡ ਕੇ ਜਿੰਨਾ ਦੇ ਕਰਮਚਾਰੀ ਪੂਰੀ ਤਰਾਂ ਜਾਂ ਮੁੱਖ ਤੌਰ ਤੇ ਹਾਂਗਕਾਂਗ ਤੋਂ ਬਾਹਰ ਕੰਮ ਕਰਦੇ ਹਨ । ਜਦਕਿ RDO ਦੀ ਧਾਰਾ 10(1) ਅਤੇ 10(2) ਦੇ ਅਧੀਨ ਕੁਝ ਰਿਆਇਤ ਦਿੱਤੀ ਗਈ ਹੈ (ਉਹ ਧਾਰਾਵਾਂ ਜੋ ਰੋਜ਼ਗਾਰ ਵਿੱਚ ਵਿਤਕਰੇ ਨੂੰ RDO ਦੇ ਅਧੀਨ ਗੈਰ-ਕਾਨੂੰਨੀ ਬਣਾਉਂਦੀ ਹੈ) ਜੋ ਉਹਨਾਂ ਨਿਯੋਜਕਾਂ (ਮਾਲਕਾਂ) ਤੇ ਲਾਗੂ ਨਹੀਂ ਹੁੰਦੀਆਂ ਜੋ ਰਿਆਇਤ ਦੇ ਸਮੇਂ ਦੌਰਾਨ 5 ਤੋਂ ਜ਼ਿਆਦਾ ਕਰਮਚਾਰੀਆਂ ਨੂੰ ਨਿਯੁਕਤ ਨਹੀਂ ਕਰਦੇ । ਇਸ ਰਿਆਇਤ ਦੇ ਵੇਰਵੇ ਲਈ ਕ੍ਰਿਪਾ ਕਰਕੇ RDO ਦੇ ਆਧੀਨ ਰੋਜ਼ਗਾਰ ਦੇਣ ਸਬੰਧੀ ਅਭਿਆਸ ਸੰਹਿਤਾ ਨੂੰ ਦੇਖੋ[10] ।

**11. RDO ਦੇ ਅਧੀਨ ਛੋਟਾਂ (ਅਪਵਾਦ) ਕੀ ਹਨ?**

RDO ਕੁਝ ਮਾਮਲਿਆਂ ਵਿੱਚ ਹੇਠ ਲਿਖੀਆਂ ਛੋਟਾਂ ਪ੍ਰਦਾਨ ਕਰਦਾ ਹੈ, ਜਿੰਨਾਂ ਵਿੱਚ ਕਿਸੇ ਫੈਂਸਲੇ ਦੇ ਕਾਰਣ ਕਿਸੇ ਨਸਲ ਉਤੇ ਪੈਣ ਵਾਲੇ ਪ੍ਰਭਾਵ ਗੈਰ ਕਾਨੂੰਨੀ ਨਹੀਂ ਹੋਣਗੇ[11] ।

- ਸੱਚ ਮੁੱਚ ਦੀ ਪੇਸ਼ੇਵਰ ਯੋਗਤਾ
- ਹਾਂਗਕਾਂਗ ਦੇ ਬਾਹਰ ਵਰਤੀਆਂ ਜਾਣ ਵਾਲੀਆਂ ਕੁਸ਼ਲਤਾਵਾਂ ਲਈ ਸਿਖਲਾਈ
- ਕਿਸੇ ਖਾਸ ਕੁਸ਼ਲਤਾ ਜਾਣਕਾਰੀ ਜਾਂ ਤਜ਼ਰਬੇ ਵਾਲੇ ਵਿਅਕਤੀ ਦੀ ਨਿਯੁਕਤੀ
- ਸਥਾਨਿਕ ਅਤੇ ਵਿਦੇਸ਼ੀ ਨੌਕਰੀ ਦੀਆਂ ਮੌਜੂਦਾ ਸ਼ਰਤਾਂ
- ਕਬਰਸਤਾਨ, ਸ਼ਮਸ਼ਾਨਘਾਟ ਜਾਂ ਅਸਥੀਆਂ ਰੱਖਣ ਵਾਲੀ ਜਗਾ
- ਵਿਸ਼ੇਸ਼ ਉਪਾਅ



## ਵਿਸ਼ੇਸ਼ ਉਦਾਹਰਣਾ :

**12. ਕੀ ਕੋਈ ਨਿਯੋਜਕ ਆਪਣੀ ਸੰਸਥਾ ਵਿੱਚ ਮੈਨੂੰ ਨੌਕਰੀ ਲਈ ਇੰਟਰਵਿਊ ਦੇਣ ਤੋਂ ਜਾਂ ਅਹੁਦਾ ਦੇਣ ਤੋਂ ਇਨਕਾਰ ਕਰ ਸਕਦਾ ਹੈ ਕਿਉਂਕਿ ਮੈਂ ਫਿਲਪੀਨੋ ਹਾਂ ਅਤੇ ਚੀਨੀ ਨਹੀਂ ਪੜ੍ਹ ਸਕਦੀ ਹਾਂ ।**

ਕੋਈ ਵੀ ਨਿਯੋਜਕ ਕਿਸੇ ਨੂੰ ਵੀ ਉਸ ਦੀ ਨਸਲ ਦੇ ਅਧਾਰ ਤੇ ਨੌਕਰੀ ਦੀ ਇੰਟਰਵਿਊ ਜਾਂ ਅਹੁਦਾ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ । ਜੇਕਰ ਉਹ ਉਮੀਦਵਾਰ ਨੂੰ ਇਸ ਅਧਾਰ ਤੇ ਨਾਹ ਕਰਦਾ ਹੈ ਤਾਂ ਨਿਯੋਜਕ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਸ ਨੌਕਰੀ ਵਿੱਚ ਚੀਨੀ ਪੜ੍ਹਨਾ ਅਤੇ ਲਿਖਣਾ ਇਕ ਉਚਿਤ ਸ਼ਰਤ ਹੈ ਨਹੀਂ ਤਾਂ ਇਹ ਵਿਤਕਰਾ ਮੰਨਿਆ ਜਾਵੇਗਾ ।

[10] ਕ੍ਰਿਪਾ ਕਰਕੇ RDO ਦੀ ਧਾਰਾ 10 ਤੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ ਪਾਠ 3 ਨੂੰ ਦੇਖੋ ।
[11] ਕ੍ਰਿਪਾ ਕਰਕੇ RDO ਦੀ ਧਾਰਾ 11-14, 23, 30-33, 37, 40 ਤੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ ਪਾਠ 6 ਨੂੰ ਦੇਖੋ ।

13. **ਕੀ ਕੋਈ ਵੀ ਸੇਵਾ ਪ੍ਰਦਾਨ ਕਰਨ ਵਾਲੀ ਸੰਸਥਾ ਜਾਂ ਵਿਦਿਅਕ ਸੰਸਥਾ ਮੇਰੀ ਨਸਲ ਦੇ ਕਾਰਣ ਮੈਨੂੰ ਸੇਵਾਵਾਂ ਜਾਂ ਸਹੂਲਤਾਂ ਪ੍ਰਦਾਨ ਕਰਨ ਤੋਂ ਇਨਕਾਰ ਕਰ ਸਕਦੀ ਹੈ?**

ਕਿਸੇ ਵੀ ਸੇਵਾਵਾਂ ਪ੍ਰਦਾਨ ਕਰਨ ਵਾਲੀ ਸੰਸਥਾ ਦੁਆਰਾ ਨਸਲ ਦੇ ਕਾਰਣ ਵਸਤੂਆਂ, ਸੇਵਾਵਾਂ ਜਾਂ ਸਹੂਲਤਾਂ ਪ੍ਰਦਾਨ ਕਰਨ ਤੋਂ ਇਨਕਾਰ ਕਰਨਾ ਗੈਰ-ਕਾਨੂੰਨੀ ਹੈ । ਕਿਸੇ ਵੀ ਵਿੱਦਿਅਕ ਸੰਸਥਾ ਦੇ ਲਈ ਕਿਸੇ ਵਿਦਿਆਰਥੀ ਨੂੰ ਉਸ ਦੀ ਨਸਲ ਦੇ ਅਧਾਰ ਤੇ ਦਾਖਲਾ ਦੇਣ ਤੋਂ ਇਨਕਾਰ ਕਰਨਾ ਜਾਂ ਸਕੂਲ ਤੋਂ ਬਾਹਰ ਕਢਣਾ ਗੈਰ ਕਾਨੂੰਨੀ ਹੈ[12] ।

14. **ਕੀ ਮੈਂ ਕਿਸੇ ਸੇਵਾ ਪ੍ਰਦਾਨ ਕਰਨ ਵਾਲੀ ਸੰਸਥਾ ਨੂੰ ਮੇਰੀ ਆਪਣੀ ਭਾਸ਼ਾ ਵਿੱਚ ਜਾਣਕਾਰੀ ਪ੍ਰਦਾਨ ਕਰਨ ਲਈ ਬੇਨਤੀ ਕਰ ਸਕਦਾ ਹਾਂ?**

ਕਾਨੂੰਨੀ ਵਿੱਚ ਕੋਈ ਵੀ ਅਜਿਹਾ ਵਿਧਾਨ ਨਹੀਂ ਹੈ ਜਿਸ ਦੇ ਤਹਤ ਜਾਣਕਾਰੀ ਨੂੰ ਘੱਟ ਗਿਣਤੀਆਂ ਦੀ ਭਾਸ਼ਾ ਵਿੱਚ ਅਨੁਵਾਦ ਕਰਕੇ ਦੇਣਾ ਜ਼ਰੂਰੀ ਹੋਵੇ । ਪਰ ਫਿਰ ਵੀ ਨਸਲੀ ਤਾਲਮੇਲ ਨੂੰ ਉਤਸ਼ਾਹਿਤ ਕਰਨ ਲਈ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਜਾਂ ਨਿਯੋਜਕਾਂ ਨੂੰ ਸੰਚਾਰ ਨੂੰ ਪ੍ਰਭਾਵ ਪੂਰਨ ਬਨਾਉਣਾ ਚਾਹੀਦਾ ਹੈ ਅਤੇ ਸਾਰਿਆਂ ਨਾਲ ਇਕ ਸਮਾਨ ਵਿਹਾਰ ਕਰਨਾ ਚਾਹੀਦਾ ਹੈ, ਜੇਕਰ ਉਹਨਾਂ ਦੇ ਗਾਹਕ/ਕਰਮਚਾਰੀ ਚੀਨੀ ਨਾ ਬੋਲਣ ਵਾਲੀਆਂ ਕੌਮਾਂ ਵਿੱਚੋਂ ਹਨ ਅਤੇ ਉਹਨਾਂ ਨੂੰ ਕੁਝ ਮਹੱਤਵਪੂਰਨ ਜਾਣਕਾਰੀਆਂ ਦਾ ਅਨੁਵਾਦ ਕਰਵਾਉਣਾ ਪੈ ਸਕਦਾ ਹੈ । (ਉਦਾਹਰਣ ਦੇ ਤੌਰ ਤੇ ਸਿਹਤ ਅਤੇ ਸੁੱਰਖਿਆ ਸਬੰਧੀ)

15. **ਕੀ ਮੈਂ ਆਪਣੇ ਕਰਮਚਾਰੀਆਂ ਜਾਂ ਵਿਦਿਆਰਥੀਆਂ ਉਤੇ "ਕੋਈ ਪਗੜੀ ਨਹੀਂ" ਦੀ ਸ਼ਰਤ ਰੱਖ ਸਕਦਾ ਹਾਂ?**

ਅਜਿਹੀ ਸ਼ਰਤ ਕਿ ਸਾਰੇ ਕਰਮਚਾਰੀ ਜਾਂ ਵਿਦਿਆਰਥੀ ਪਗੜੀ ਨਹੀਂ ਬੰਨ ਸਕਦੇ, ਇਹ ਸਿੱਖਾਂ ਦੇ ਖਿਲਾਫ ਅਸਿੱਧੇ ਤੌਰ ਤੇ ਵਿਤਕਰਾ ਹੈ ਜੋ ਕਿ ਇਸ ਸ਼ਰਤ ਦਾ ਪਾਲਣ ਵਿਹਾਰਿਕ ਰੂਪ ਵਿੱਚ ਨਹੀਂ ਕਰ ਸਕਦੇ ਕਿਉਂਕਿ ਉਹਨਾਂ ਦਾ ਵਿਸਵਾਸ਼ ਹੈ ਕਿ ਜੇ ਉਹਨਾਂ ਨੂੰ ਪਗੜੀ ਬੰਨਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਤਾਂ ਇਸ ਨਾਲ ਉਹਨਾਂ ਦੀ ਵੱਖਰੀ ਪਹਿਚਾਣ ਖਤਮ ਹੋ ਸਕਦੀ ਹੈ । ਪਰ ਫਿਰ ਵੀ, ਜੇ ਇਹ ਸ਼ਰਤ ਇਸ ਕਾਰਣ ਲਗਾਈ ਗਈ ਹੈ ਕਿ ਮੁਰੰਮਤ ਕਰਨ ਵਾਲੇ ਕਾਰਖਾਨਿਆਂ, ਇਮਾਰਤਾਂ ਬਨਾਉਣ ਵਾਲੀ ਜਗਾ ਜਾਂ ਕਿੱਤਾ ਸਿਖਲਾਈ ਕਲਾਸਾਂ ਵਿੱਚ ਕਰਮਚਾਰੀਆਂ/ਵਿਦਿਆਰਥੀਆਂ ਨੂੰ ਸਿਰ ਤੇ ਪਹਿਨਣ ਵਾਲੀ ਇਕ ਸੁੱਰਖਿਅਤ ਵਸਤੂ ਉਹਨਾਂ ਨੂੰ ਕਿਸੇ ਸੱਟ ਤੋਂ ਸੁੱਰਖਿਆ ਪ੍ਰਦਾਨ ਕਰੇਗੀ ਤਾਂ ਇਸ ਨੂੰ ਪੱਖਪਾਤ ਨਹੀਂ ਸਮਝਿਆ ਜਾ ਸਕਦਾ[13] ।

[12] ਕ੍ਰਿਪਾ ਕਰਕੇ RDO ਦੀ ਧਾਰਾ 26-27 ਦੇਖੋ ।
[13] ਕ੍ਰਿਪਾ ਕਰਕੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ ਪਾਨ 6 ਦੀ ਉਦਾਹਰਣ ਨੰਬਰ 12 ਦੇਖੋ ।

**16. ਮੈਂ ਇਕ ਚੰਗਾ ਨਿਯੋਜਕ ਬਨਣਾ ਚਾਹੁੰਦਾ ਹਾਂ; ਤਾਂ ਨਸਲੀ ਬਰਾਬਰਤਾ ਨੂੰ ਯਕੀਨੀ ਬਨਾਉਣ ਵਾਸਤੇ ਮੈਨੂੰ ਆਪਣੇ ਕਰਮਚਾਰੀਆਂ ਲਈ ਕਿਸ ਤਰਾਂ ਦੇ ਪ੍ਰਬੰਧ ਕਰਨੇ ਹੋਣਗੇ?**

ਤੁਹਾਨੂੰ ਨਸਲੀ ਬਰਾਬਰਤਾ ਨੂੰ ਪ੍ਰਫੁਲਿਤ ਕਰਨ ਲਈ RDO ਦੇ ਤਹਤ ਰੋਜ਼ਗਾਰ ਸਬੰਧੀ ਅਭਿਆਸ ਸੰਹਿਤਾ ਦਾ ਪਾਲਣ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ[14] ।

## ਸ਼ਿਕਾਇਤ ਦਰਜ ਕਰਨਾ

**17. ਮੈਂ ਕੀ ਕਰ ਸਕਦਾ ਹਾਂ ਜੇਕਰ ਮੇਰੇ ਨਾਲ ਨਸਲ ਦੇ ਅਧਾਰ ਤੇ ਵਿਤਕਰਾ ਕੀਤਾ ਜਾਂਦਾ ਹੈ ਜਾਂ ਪ੍ਰੇਸ਼ਾਨ ਕੀਤਾ ਜਾਂਦਾ ਹੈ ਜਾਂ ਅਪਮਾਨਿਤ ਕੀਤਾ ਜਾਂਦਾ ਹੈ ।**

ਤੁਸੀਂ ਹੇਠ ਲਿਖਿਆਂ ਤਰੀਕਿਆਂ ਵਿੱਚੋਂ ਇਕ ਜਾਂ ਇਕ ਤੋਂ ਵੱਧ ਚੁਣ ਸਕਦੇ ਹੋ :

- ਵਿੱਦਿਅਕ ਸੰਸਥਾਵਾਂ ਜਾਂ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਨੂੰ ਸ਼ਿਕਾਇਤ ਦਰਜ ਕਰਾਉ, ਜੇਕਰ ਇਹ ਵਿੱਦਿਆ ਜਾਂ ਵਸਤੂਆਂ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਨ ਦੇ ਨਾਲ ਸਬੰਧਿਤ ਹੈ ।
- ਜੇਕਰ ਸ਼ਿਕਾਇਤ ਰੋਜ਼ਗਾਰ ਨਾਲ ਸਬੰਧਿਤ ਹੈ ਤਾਂ ਪ੍ਰਬੰਧਕਾਂ ਨੂੰ ਦਰਜ ਕਰਾਉ।
- ਸਮਾਨ ਅਵਸਰ ਆਯੋਗ ਨੂੰ ਸ਼ਿਕਾਇਤ ਦਰਜ ਕਰਾਉ ।
- ਆਪਣਾ ਕੇਸ ਆਪਣੇ ਆਪ ਜਾਂ ਆਪਣੇ ਵਕੀਲ ਦੇ ਦੁਆਰਾ ਅਦਾਲਤ ਵਿੱਚ ਲੈ ਕੇ ਜਾਉ।

ਇਹ ਬਹੁਤ ਜ਼ਰੂਰੀ ਹੈ ਕਿ ਘਟਨਾ ਹੋਣ ਤੋਂ ਬਾਦ ਤੁਸੀਂ ਘਟਨਾ ਨੂੰ ਤੁਰੰਤ ਹੀ ਦਰਜ ਕਰੋ ਅਤੇ ਜਿੰਨੀ ਪੂਰੀ ਤਰਾਂ ਹੋ ਸਕੇ ਦਰਜ ਕਰੋ ਤਾਂ ਕਿ ਜੇਕਰ ਤੁਸੀਂ ਸ਼ਿਕਾਇਤ ਦਰਜ ਕਰਨ ਦਾ ਫੈਂਸਲਾ ਲਿਆ ਹੈ ਜਾਂ ਕਾਨੂੰਨੀ ਕਾਰਵਾਈ ਕਰਨ ਦਾ ਫੈਂਸਲਾ ਲਿਆ ਹੈ ਤਾਂ ਤੁਹਾਡੇ ਕੇਸ ਦੀ ਮਜਬੂਤੀ ਅਤੇ ਸਚਾਈ ਨੂੰ ਯਕੀਨੀ ਬਣਾਇਆ ਜਾ ਸਕੇ ।



[14] ਕ੍ਰਿਪਾ ਕਰਕੇ RDO ਦੇ ਤਹਤ ਨੌਕਰੀ ਸਬੰਧੀ ਅਭਿਆਸ ਸੰਹਿਤਾ ਦੇ ਪਾਠ 5 ਦੇਖੋ ।

**18. ਮੈਂ EOC ਨੂੰ ਸ਼ਿਕਾਇਤ ਕਿਵੇਂ ਦਰਜ ਕਰਵਾ ਸਕਦਾ ਹਾਂ?**

ਸ਼ਿਕਾਇਤ ਜ਼ਰੂਰ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ ਅਤੇ EOC ਨੂੰ ਸੰਬੋਧਿਤ ਕੀਤੀ ਹੋਣੀ ਚਾਹੀਦੀ ਹੈ । ਸ਼ਿਕਾਇਤ ਆਨ-ਲਾਈਨ ਜਾਂ ਚਿੱਠੀ ਰਾਂਹੀ, ਫੈਕਸ ਰਾਂਹੀ, ਈ-ਮੇਲ ਰਾਂਹੀ ਜਾਂ ਵਿਅਕਤੀਗਤ ਤੌਰ ਤੇ ਕੀਤੀ ਜਾ ਸਕਦੀ ਹੈ । ਅਸੰਤੁਸ਼ਟ ਵਿਅਕਤੀ ਜਾਂ ਅਸੰਤੁਸ਼ਟ ਵਿਅਕਤੀ ਦੇ ਨੁਮਾਇੰਦੇ ਦੀ ਸ਼ਨਾਖਤ ਚੈਕ ਕਰਨ ਵਾਸਤੇ ਉਹਨਾਂ ਨੂੰ ਆਪਣੇ ਯੋਗ ਸ਼ਨਾਖਤੀ ਦਸਤਾਵੇਜ਼ ਦੀ ਨਕਲ EOC ਨੂੰ ਦੇਣੀ ਚਾਹੀਦੀ ਹੈ ।

ਜੇਕਰ ਤੁਹਾਨੂੰ ਫਾਰਮ ਭਰਣ ਵਿੱਚ ਕੋਈ ਮੱਦਦ ਦੀ ਲੋੜ ਹੋਵੇ ਤਾਂ ਤੁਸੀਂ 2511 8211 ਨੰਬਰ ਤੇ EOC ਦੀ ਹਾਟ-ਲਾਈਨ ਨਾਲ ਸੰਪਰਕ ਕਰ ਸਕਦੇ ਹੋ ਜਾਂ EOC ਨੂੰ complaint@eoc.org.hk ਤੇ ਈ-ਮੇਲ ਕਰ ਸਕਦੇ ਹੋ ।

**19. ਸ਼ਿਕਾਇਤ ਕੌਣ ਦਰਜ ਕਰਵਾ ਸਕਦਾ ਹੈ?**

ਤੁਸੀਂ ਸ਼ਿਕਾਇਤ ਆਪ ਕਰ ਸਕਦੇ ਹੋ ਜਾਂ ਤੁਸੀਂ ਆਪਣੇ ਨੁਮਾਇੰਦੇ ਨੂੰ ਸ਼ਿਕਾਇਤ ਕਰਨ ਵਾਸਤੇ ਨਿਯੁਕਤ ਕਰ ਸਕਦੇ ਹੋ । ਤੁਸੀਂ ਸ਼ਿਕਾਇਤ ਵਿਅਕਤੀਗਤ ਰੂਪ ਵਿੱਚ ਜਾਂ ਸਮੂੰਹਿਕ ਰੂਪ ਵਿੱਚ ਕਰ ਸਕਦੇ ਹੋ ।

**20. ਸ਼ਿਕਾਇਤ ਦਰਜ ਕਰਾਉਣ ਦੀ ਆਖਿਰੀ ਮਿਆਦ ਕੀ ਹੈ?**

ਜੇ ਤੁਸੀਂ EOC ਨੂੰ ਸ਼ਿਕਾਇਤ ਦਰਜ ਕਰਾਉਣਾ ਚਾਹੁੰਦੇ ਹੋ ਤਾਂ ਘਟਨਾ ਹੋਣ ਤੋਂ 12 ਮਹੀਨਿਆਂ ਦੇ ਅੰਦਰ ਤੁਹਾਨੂੰ ਸ਼ਿਕਾਇਤ ਕਰਨੀ ਚਾਹੀਦੀ ਹੈ ਅਤੇ ਜੇਕਰ ਤੁਸੀਂ ਜ਼ਿਲਾ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਕਰਨ ਦਾ ਫੈਂਸਲਾ ਲਿਆ ਹੋਵੇ ਤਾਂ ਤੁਹਾਨੂੰ ਘਟਨਾ ਤੋਂ 2 ਸਾਲ ਦੇ ਅੰਦਰ ਕਾਰਵਾਈ ਕਰਨੀ ਚਾਹੀਦੀ ਹੈ ।



21. ਸ਼ਿਕਾਇਤ ਵਿੱਚ ਕੀ ਕੁਝ ਸ਼ਾਮਿਲ ਹੋਣਾ ਚਾਹੀਦਾ ਹੈ?

ਸ਼ਿਕਾਇਤ ਵਿੱਚ ਜ਼ਰੂਰ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ :

- ਘਟਨਾ ਦੀ ਤਾਰੀਖ ਅਤੇ ਵੇਰਵਾ
- ਨਿੱਜੀ ਜਾਣਕਾਰੀ ਜਿਵੇਂ ਕਿ ਨਾਮ, ਸੰਪਰਕ ਕਰਨ ਦੀ ਜਾਣਕਾਰੀ, ਸ਼ਨਾਖਤੀ ਕਾਰਡ ਨੰਬਰ ਆਦਿ
- ਉੱਤਰਦਾਈਆਂ ਦਾ ਨਾਮ ਅਤੇ ਸੰਪਰਕ ਦਾ ਵੇਰਵਾ
- ਨਸਲ ਦੇ ਅਧਾਰ ਤੇ ਕੀਤੇ ਗਏ ਵਿਤਕਰੇ, ਪ੍ਰੇਸ਼ਾਨੀ ਜਾਂ ਅਪਮਾਨ ਦੇ ਦਾਅਵੇ ਨੂੰ ਸਾਬਿਤ ਕਰਨ ਵਾਸਤੇ ਸਬੂਤ
- ਇਸ ਵਿਤਕਰੇ ਭਰੀ ਕਾਰਵਾਈ ਦੇ ਨਤੀਜੇ ਵੱਜੋ ਉਠਾਏ ਗਏ ਨੁਕਸਾਨ ਜਾਂ ਭਾਵਨਾਤਮਕ ਪ੍ਰੇਸ਼ਾਨੀ ਦਾ ਵੇਰਵਾ
- ਗਵਾਹ ਜਾਂ ਗਵਾਹਾਂ ਦੀ ਜਾਣਕਾਰੀ

# ਛਾਣ-ਬੀਣ ਅਤੇ ਸਮਝੌਤਾ

22. EOC ਸ਼ਿਕਾਇਤਾਂ ਦੀ ਛਾਣ-ਬੀਣ ਕਿਵੇਂ ਕਰਦੀ ਹੈ?

ਸ਼ਿਕਾਇਤ ਪ੍ਰਾਪਤ ਹੋਣ ਤੇ EOC ਪਹਿਲਾਂ ਉੱਤਰਦਾਈਆਂ ਨੂੰ ਸ਼ਿਕਾਇਤ ਬਾਰੇ ਸੂਚਿਤ ਕਰੇਗੀ ਫਿਰ ਸ਼ਿਕਾਇਤ ਕਰਤਾ ਨੂੰ ਉਹਨਾਂ ਦੇ ਜਵਾਬ ਉਪਲਬਦ ਕਰਵਾਏ ਜਾਣਗੇ। ਕੇਸ ਦਾ ਸਮਝੌਤਾ ਹੋਣਾ ਚਾਹੀਦਾ ਹੈ ਜਾਂ ਖਤਮ ਕਰ ਦੇਣਾ ਚਾਹੀਦਾ ਹੈ, ਇਹ ਪਤਾ ਕਰਨ ਵਾਸਤੇ, ਗਵਾਹਾਂ ਦੇ ਬਿਆਨ ਲਏ ਜਾਣਗੇ ਅਤੇ ਸਬੰਧਿਤ ਜਾਣਕਾਰੀ ਇੱਕਠੀ ਕੀਤੀ ਜਾਵੇਗੀ। ਛਾਣ-ਬੀਣ ਦੇ ਦੌਰਾਨ ਜਿੰਨੀ ਵੀ ਜਾਣਕਾਰੀ ਇੱਕਠੀ ਕੀਤੀ ਜਾਵੇਗੀ, ਉਸ ਨੂੰ ਤੀਜੀ ਧਿਰ ਤੋਂ ਗੁਪਤ ਰੱਖਿਆ ਜਾਵੇਗਾ ਪਰ ਅਦਾਲਤੀ ਕਾਰਵਾਈ ਦੇ ਲਈ ਇਹ ਜਾਣਕਾਰੀ ਵਰਤੀ ਜਾ ਸਕਦੀ ਹੈ।



## 23. ਸਮਝੌਤਾ ਕੀ ਹੈ?

ਸਮਝੌਤਾ ਇਕ ਅਜਿਹੀ ਕਾਰਵਾਈ ਹੈ ਜਿਸ ਦੇ ਰਾਂਹੀ ਝਗੜਾ ਹੱਲ ਕਰਨ ਦੇ ਤਰੀਕਿਆਂ ਨੂੰ ਲੱਭਣ ਲਈ ਵੱਖਰੀਆਂ ਧਿਰਾਂ ਨੂੰ ਇਕ ਜਗਾ ਤੇ ਇਕੱਠਿਆਂ ਕੀਤਾ ਜਾਂਦਾ ਹੈ । ਸਮਝੌਤੇ ਰਾਂਹੀ ਅਜਿਹੇ ਸਾਂਝੇ ਅਧਾਰ ਲੱਭੇ ਜਾਂਦੇ ਹਨ ਤਾਂ ਕਿ ਦੋਨਾਂ ਪਾਰਟੀਆਂ ਨੂੰ ਸੰਤੁਸ਼ਟ ਕੀਤਾ ਜਾ ਸਕੇ ਤਾਂ ਕਿ ਉਹ ਝਗੜੇ ਤੋਂ ਉਪਰ ਉਠ ਸਕਣ । ਜਿਸ ਤਰਾਂ ਕਿ ਸਮਝੌਤੇ ਦੀ ਕਾਰਵਾਈ ਵਿੱਚ ਦੋਨਾਂ ਪਾਰਟੀਆਂ ਨੂੰ ਆਪਣਾ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਜਾਂਦਾ ਹੈ ਅਤੇ ਇਹ ਸੰਭਾਵਨਾ ਹੋ ਸਕਦੀ ਹੈ ਕਿ ਦੋਨੋਂ ਧਿਰਾਂ ਇਕ ਦੂਸਰੇ ਦੇ ਹਲਾਤਾ ਤੋਂ ਚੰਗੀ ਤਰਾਂ ਵਾਕਿਫ ਹੋ ਸਕਣ । ਇਸ ਤਰਾਂ ਕਰਨ ਨਾਲ ਗਲਤ ਧਾਰਨਾਵਾਂ ਜਾਂ ਜਾਣਕਾਰੀ ਦੇ ਅਧਾਰ ਤੇ ਪੈਦਾ ਹੋਈਆਂ ਗਲਤ ਫਹਿਮੀਆਂ ਨੂੰ ਖਤਮ ਕਰਨ ਵਿੱਚ ਮੱਦਦ ਮਿਲ ਸਕਦੀ ਹੈ ਅਤੇ ਨਜ਼ਰੀਏ ਵਿੱਚ ਸੱਚ ਮੁੱਚ ਤਬਦੀਲੀ ਲਿਆਈ ਜਾ ਸਕਦੀ ਹੈ । ਸਮਝੌਤੇ ਦੀ ਕਾਰਵਾਈ ਦੌਰਾਨ ਇੱਕਠੀ ਕੀਤੀ ਗਈ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ ਅਤੇ ਅਦਾਲਤੀ ਕਾਰਵਾਈ ਦੇ ਦੌਰਾਨ ਅਦਾਲਤ ਵਿੱਚ ਨਹੀਂ ਦਿੱਤੀ ਜਾਂਦੀ । ਸਮਝੌਤਾ ਇਕ ਸਵੈ-ਇੱਛਾ ਨਾਲ ਕੀਤੀ ਜਾਣ ਵਾਲੀ ਕਾਰਵਾਈ ਹੈ ।

## 24. EOC ਸ਼ਿਕਾਇਤ ਉਤੇ ਸਮਝੌਤਾ ਕਿਵੇਂ ਕਰਾਉਂਦੀ ਹੈ?

ਆਮ ਤੌਰ ਤੇ EOC ਦਾ ਅਧਿਕਾਰੀ ਸਮਝੌਤਾ ਕਰਾਉਣ ਵਾਲੇ ਵਿਅਕਤੀ ਦੇ ਤੌਰ ਤੇ ਕੰਮ ਕਰੇਗਾ ਜੋ ਕਿ ਦੋਨਾਂ ਧਿਰਾਂ ਨੂੰ ਮਾਮਲੇ ਦੀ ਉਸ ਮਾਮਲੇ ਦੀ ਪਰਖ ਕਰਨ ਵਿੱਚ ਮੱਦਦ ਕਰੇਗਾ ਜਿਸ ਕਰਕੇ ਸ਼ਿਕਾਇਤ ਦਰਜ ਕੀਤੀ ਗਈ ਹੈ, ਅਤੇ ਸਹਿਮਤੀ ਦੇ ਨੁਕਤਿਆਂ ਨੂੰ ਲੱਭੇਗਾ ਅਤੇ ਝਗੜੇ ਨੂੰ ਹੱਲ ਕਰਨ ਲਈ ਗੱਲਬਾਤ ਕਰੇਗਾ । ਇਹ ਸਮਝੌਤਾ ਇਕ ਅਜਿਹੇ ਇਕਰਾਰਨਾਮੇ ਵਾਂਗ ਹੋਵੇਗਾ ਜੋ ਕਿ ਕਾਨੂੰਨੀ ਹੈ । ਸਮਝੌਤਾ ਪੂਰੀ ਤਰਾਂ ਸਵੈ-ਇੱਛਾ ਨਾਲ ਕੀਤੀ ਜਾਣ ਵਾਲੀ ਕਾਰਵਾਈ ਹੈ ਅਤੇ EOC ਕਿਸੇ ਵੀ ਪਾਰਟੀ ਵਲੋਂ ਵਕਾਲਤ ਨਹੀਂ ਕਰਦੀ ਹੈ । ਦੋਨਾਂ ਧਿਰਾਂ ਦੇ ਮੱਸਲੇ ਨੂੰ ਹੱਲ ਕਰਨ ਵਿੱਚ ਮੱਦਦ ਕਰਨ ਦੇ ਲਈ ਪੂਰੀ ਕਾਰਵਾਈ ਦੇ ਦੌਰਾਨ ਇਹ ਬਿਲਕੁਲ ਨਿਰਪੱਖਤਾ ਬਣਾਈ ਰੱਖੇਗੀ । ਸਮਝੌਤੇ ਦੀਆਂ ਸ਼ਰਤਾਂ ਝਗੜੇ ਦੀ ਕਿਸਮ ਉਤੇ ਨਿਰਭਰ ਹਨ । ਇਹ ਨੌਕਰੀ ਉਤੇ ਮੁੜ ਬਹਾਲੀ, ਉਨਤੀ, ਤਬਾਦਲਾ, ਮੁਆਫੀਨਾਮੇ ਜਾਂ ਸਮਾਨ ਅਵਸਰ ਪ੍ਰਦਾਨ ਕਰਨ ਵਾਲੀਆਂ ਨੀਤੀਆਂ ਜਾਂ ਮਾਲੀ ਸਮਝੌਤੇ (ਪੈਸੇ ਸਬੰਧੀ) ਦੇ ਰੂਪ ਵਿੱਚ ਵੀ ਹੋ ਸਕਦਾ ਹੈ । ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ EOC ਦੇ ਵੇਰਵੇ ਵਾਲੀ ਕਿਤਾਬ “ਸਮਝੌਤਾ ਕੀ ਹੈ?” ਦੇਖੋ ।

**25. ਕੀ EOC ਸਾਰੀਆਂ ਸ਼ਿਕਾਇਤਾਂ ਲਈ ਸਮਝੌਤਾ ਕਰਵਾਏਗੀ?**

ਕਾਨੂੰਨੀ ਤੌਰ ਤੇ EOC ਨੂੰ ਸ਼ਿਕਾਇਤਾਂ ਉਤੇ ਛਾਣ-ਬੀਣ ਕਰਨ ਦੀ ਜ਼ਰੂਰਤ ਹੈ । ਕਿਸੇ ਵੀ ਮਾਮਲੇ ਤੇ ਸਮਝੌਤਾ ਕਰਾਉਣ ਦਾ ਫੈਂਸਲਾ ਛਾਣ-ਬੀਣ ਦੇ ਨਤੀਜਿਆਂ ਤੇ ਨਿਰਧਾਰਿਤ ਹੋਵੇਗਾ । EOC ਛਾਣ-ਬੀਣ ਨਾ ਕਰਨ ਦਾ ਫੈਂਸਲਾ ਜਾਂ ਛਾਣ-ਬੀਣ ਰੋਕਣ ਦਾ ਫੈਂਸਲਾ ਲੈ ਸਕਦੀ ਹੈ, ਜੇਕਰ :

- ਜਿਸ ਮਾਮਲੇ ਉਤੇ ਸ਼ਿਕਾਇਤ ਕੀਤੀ ਗਈ ਹੈ, ਉਹ RDO ਦੇ ਤਹਤ ਗੈਰ-ਕਾਨੂੰਨੀ ਨਹੀਂ ਹੈ ।
- ਅਸੰਤੁਸ਼ਟ ਵਿਅਕਤੀ ਛਾਣ-ਬੀਣ ਜਾਰੀ ਨਹੀਂ ਰੱਖਣਾ ਚਾਹੁੰਦਾ ।
- ਘਟਨਾ ਤੋਂ ਬਾਦ 12 ਮਹੀਨੇ ਤੋਂ ਉਪਰ ਦਾ ਸਮਾਂ ਬੀਤ ਚੁੱਕਿਆ ਹੈ ।
- ਸ਼ਿਕਾਇਤ ਉਤੇ ਉਚਿਤ ਰੂਪ ਇਕ ਪ੍ਰਤੀਨਿਧੀ ਸ਼ਿਕਾਇਤ ਦੇ ਤੌਰ ਤੇ ਕਾਰਵਾਈ ਜਾਰੀ ਨਹੀਂ ਰੱਖੀ ਜਾ ਸਕਦੀ ।

**26. ਜੇਕਰ ਸਮਝੌਤਾ ਅਸਫਲ ਹੁੰਦਾ ਹੈ ਤਾਂ ਮੇਰੇ ਕੋਲ ਹੋਰ ਕਿਹੜੇ ਰਸਤੇ ਹਨ?**

ਜੇਕਰ ਸਮਝੌਤਾ ਅਸਫਲ ਹੁੰਦਾ ਹੈ ਤਾਂ ਸ਼ਿਕਾਇਤ ਕਰਤਾ ਉਸ ਮਾਮਲੇ ਨੂੰ ਅਦਾਲਤ ਵਿੱਚ ਲਿਜਾਣ ਲਈ EOC ਨੂੰ ਮੱਦਦ ਕਰਨ ਲਈ ਅਰਜ਼ੀ ਦੇ ਸਕਦਾ ਹੈ । ਕਾਨੂੰਨੀ ਸਲਾਹ, EOC ਦੇ ਵਕੀਲਾਂ ਦੁਆਰਾ ਨੁਮਾਇੰਦਗੀ, ਕਿਸੇ ਬਾਹਰਲੇ ਵਕੀਲ ਦੁਆਰਾ ਕਾਨੂੰਨੀ ਨੁਮਾਇੰਦਗੀ ਜਾਂ ਕੋਈ ਵੀ ਹੋਰ ਮੱਦਦ ਜੋ EOC ਉਚਿਤ ਸਮਝਦੀ ਹੋਵੇ, ਕਾਨੂੰਨੀ ਮੱਦਦ ਵਿੱਚ ਸ਼ਾਮਿਲ ਹੈ । ਮੱਦਦ ਪ੍ਰਦਾਨ ਕਰਨ ਜਾਂ ਨਾ ਕਰਨ ਦਾ ਫੈਂਸਲਾ EOC ਦੀ ਕਮੇਟੀ ਦੁਆਰਾ ਲਿਆ ਜਾਵੇਗਾ । ਇਸ ਤੋਂ ਇਲਾਵਾ, ਸ਼ਿਕਾਇਤ ਕਰਤਾ ਆਪਣੇ ਆਪ ਵੀ ਮਾਮਲੇ ਨੂੰ ਅਦਾਲਤ ਵਿੱਚ ਲਿਜਾ ਸਕਦਾ ਹੈ ਅਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਸਕਦਾ ਹੈ ।







ਹੋਰ ਜਾਣਕਾਰੀ ਲਈ, ਕ੍ਰਿਪਾ ਕਰਕੇ ਸੰਪਰਕ ਕਰੋ :

Equal Opportunities Commission

16/F., 41 Heung Yip Road,
Wong Chuk Hang, Hong Kong

ਵੈਬ-ਸਾਈਟ : http://www.eco.org.hk



平 等 機 會 委 員 會

EQUAL OPPORTUNITIES COMMISSION